# Prime Minister's meeting with Chancellor of the Federal Republic of Germany on the sidelines of G-20 Summit in Bali

November 16, 2022

## ਪ੍ਰਧਾਨ ਮੰਤਰੀ ਦੀ ਬਾਲੀ ਵਿੱਚ ਜੀ-20 ਸਮਿਟ ਦੇ ਅਵਸਰ 'ਤੇ ਜਰਮਨੀ ਦੇ ਸੰਘੀ ਗਣਰਾਜ ਦੇ ਚਾਂਸਲਰ ਦੇ ਨਾਲ ਮੁਲਾਕਾਤ

16 ਨਵੰਬਰ, 2022

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ ਬਾਲੀ ਵਿੱਚ ਜੀ-20 ਸਮਿਟ ਦੇ ਅਵਸਰ 'ਤੇ ਜਰਮਨੀ ਦੇ ਸੰਘੀ ਗਣਰਾਜ ਦੇ ਚਾਂਸਲਰ ਮਹਾਮਹਿਮ ਸ਼੍ਰੀ ਓਲਾਫ ਸਕੋਲਜ ਨਾਲ ਮੁਲਾਕਾਤ ਕੀਤੀ।

ਦੋਹਾਂ ਨੇਤਾਵਾਂ ਦੇ ਦਰਮਿਆਨ ਇਸ ਸਾਲ ਤੀਸਰੀ ਮੁਲਾਕਾਤ ਸੀ। ਪਿਛਲੀਆਂ ਮੁਲਾਕਾਤਾਂ 2 ਮਈ 2022 ਨੂੰ ਛਵੇਂ ਭਾਰਤ-ਜਰਮਨੀ ਅੰਤਰ-ਸਰਕਾਰੀ ਮਸ਼ਵਰੇ ਦੇ ਲਈ ਪ੍ਰਧਾਨ ਮੰਤਰੀ ਦੀ ਬਰਲਿਨ ਯਾਤਰਾ ਅਤੇ ਉਸ ਦੇ ਬਾਅਦ ਚਾਂਸਲਰ ਸਕੋਲਜ ਦੇ ਸੱਦੇ 'ਤੇ ਜੀ-20 ਸਮਿਟ ਦੇ ਭਾਗੀਦਾਰ ਦੇਸ਼ ਦੇ ਰੂਪ ਵਿੱਚ ਪ੍ਰਧਾਨ ਮੰਤਰੀ ਦੀ ਜਰਮਨੀ ਵਿੱਚ ਸ਼ਲੱਸ ਐਲਮੌਂ ਦੀ ਯਾਤਰਾ ਦੇ ਦੌਰਾਨ ਹੋਈ ਸੀ।

ਦੋਹਾਂ ਨੇਤਾਵਾਂ ਨੇ ਭਾਰਤ ਅਤੇ ਜਰਮਨੀ ਦੇ ਦਰਮਿਆਨ ਵਿਆਪਕ ਦੁਵੱਲੇ ਸਹਿਯੋਗ 'ਤੇ ਚਰਚਾ ਕੀਤੀ, ਜਿਸ ਨੇ ਆਈਜੀਸੀ ਦੇ ਦੌਰਾਨ ਪ੍ਰਧਾਨ ਮੰਤਰੀ ਅਤੇ ਚਾਂਸਲਰ ਦੁਆਰਾ ਹਰਿਤ ਅਤੇ ਟਿਕਾਊ ਵਿਕਾਸ ਨਾਲ ਸਬੰਧਿਤ ਸਾਂਝੇਦਾਰੀ 'ਤੇ ਦਸਤਖਤ ਦੇ ਨਾਲ ਇੱਕ ਨਵੇਂ ਪੜਾਅ ਵਿੱਚ ਪ੍ਰਵੇਸ਼ ਕੀਤਾ। ਦੋਹਾਂ ਨੇਤਾ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਹੋਰ ਅਧਿਕ ਗਹਿਰਾ ਕਰਨ ਅਤੇ ਰੱਖਿਆ ਅਤੇ ਸੁਰੱਖਿਆ, ਮਾਈਗ੍ਰੇਸ਼ਨ ਅਤੇ ਮੋਬਿਲਿਟੀ ਅਤੇ ਬੁਨਿਆਦੀ ਢਾਂਚੇ ਦੇ ਖੇਤਰਾਂ ਵਿੱਚ ਸਹਿਯੋਗ ਵਧਾਉਣ 'ਤੇ ਵੀ ਸਹਿਮਤ ਹੋਏ।

ਦੋਹਾਂ ਨੇਤਾ ਜੀ-20 ਅਤੇ ਸੰਯੁਕਤ ਰਾਸ਼ਟਰ ਸਹਿਤ ਬਹੁਪੱਖੀ ਮੰਚਾਂ 'ਤੇ ਸਹਿਯੋਗ ਅਤੇ ਤਾਲਮੇਲ ਵਧਾਉਣ 'ਤੇ ਸਹਿਮਤ ਹੋਏ।

ਬਾਲੀ

16 ਨਵੰਬਰ, 2022

DISCLAIMER: This is an approximate translation. The original is available in English on MEA's website and may be referred to as the official press release.